# ਖ਼ੁਲਾਸਾ ਖ਼ੁਤਬਾ ਜੁਮੱਾ 18.04.2014

**ਵੱਲੋਂ ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਸਯੱਦਨਾ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਇਸ ਸਮੇਂ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕੁਝ ਕਥਨ ਪੇਸ਼ ਕਰਾਂਗਾ ਜਿੰਨ੍ਹਾ ਵਿੱਚ ਆਪ ਜੀ ਨੇ ਅਲੱਾਹ ਤਆਲਾ ਬਾਰੇ ਦੱਸਿਆ ਹੈ ਕਿ ਅਲੱਾਹ ਕੀ ਕਹੀਕਤ ਹੈ ? ਉਸ ਦਾ ਮਰਤਬਾ ਕੀ ਹੈ ? ਉਸ ਦੇ ਸਰਬ ਸ਼ਕਤੀਮਾਨ ਤੇ ਸਰਬ ਵਿਆਪਕ ਹੋਣ ਅਤੇ ਵਾਹਿਦ (ਅਦੁਤੀ) ਹੋਣ ਦਾ ਮੁਕਾਮ ਹੈ ਭਾਵ ਇਹ ਵੀ ਕਿ ਉਹੋ ਹੈ ਜੋ ਸਾਰੀ ਮਖ਼ਲੂਕ ਦਾ ਖ਼ਾਲਕ ਹੈ । ਹਰ ਇਕ ਚੀਜ ਨਾਸ਼ਵਾਨ ਹੈ ਪਰ ਉਹ ਨਾਸ਼ਵਾਨ ਨਹੀਂ । ਆਪ ਨੇ ਇਹ ਵੀ ਦੱਸਿਆ ਕਿ ਇਸ ਕਾਇਨਾਤ (ਬ੍ਰਾਹਮੰਡ) ਦੇ ਖ਼ੁਦਾ ਤੱਕ ਪਹੁੰਚਣ ਦਾ ਸਾਧਨ ਹੁਣ ਕੇਵਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਵਜੂਦ ਹੈ । ਆਪ ਸਲਲੱਾਹੁ ਅਲੈਹਿ ਵਸਲੱਮ ਰਾਹੀਂ ਹੀ ਰੱਬ ਤੱਕ ਪਹੁੰਚਿਆ ਜਾ ਸਕਦਾ ਹੈ, ਜਿਸ ਦੀ ਸੁੰਦਰਤਾ ਤੇ ਪਰਉਪਕਾਰੀ ਵਿੱਚ ਕੋਈ ਸਾਨੀ ਨਹੀਂ । ਆਪ ਨੇ ਦੱਸਿਆ ਕਿ ਰੱਬ ਦੀ ਕੁਦਰਤ ਨੂੰ ਦੇਖਣ ਲਈ ਉਸ ਨਿਰੋਲਤਾ ਨਾਲ ਝੁਕਣਾ ਜ਼ਰੂਰੀ ਹੈ । ਬੰਦਗੀ ਬਜਾ ਲਿਆਉਣੀ ਲਾਜ਼ਮੀ ਹੈ । ਫਿਰ ਜੱਦ ਮਨੁੱਖ ਦੀ ਇਹ ਅਵਸਥਾ ਹੁੰਦੀ ਹੈ ਤਾਂ ਰੱਬ ਉਸ ਨੂੰ ਦੌੜ ਕੇ ਗੱਲ ਲਾਉਂਦਾ ਹੈ ਅਤੇ ਉਸ'ਤੇ ਆਪਣੀ ਮਿਹਰ ਦੀ ਵਰਖਾ ਵਰ੍ਹਾਉਂਦਾ ਹੈ । ਇਸ ਲਈ ਆਪ ਨੇ ਦੁੱਖ ਨਾਲ ਫ਼ਰਮਾਇਆ ਕਿ ਅਜਿਹੇ ਖ਼ੁਦਾ ਨਾਲ ਸੰਬੰਧ ਜੋੜੋ ਕਿ ਆਪਣਾ ਇਹਲੋਕ ਤੇ ਪਰਲੋਕ ਸੁਧਾਰਣ ਵਾਲੇ ਬਣ ਸਕੋ । ਇਕ ਥਾਂ ਅਲੱਾਹ ਤਆਲਾ ਦੀ ਹਕੀਕਤ ਵਰਨਣ ਕਰਦੇ ਹੋਏ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਖ਼ੁਦਾ ਆਕਾਸ਼ ਤੇ ਧਰਤੀ ਦਾ ਨੂਰ ਹੈ । ਅਰਥਾਤ ਹਰ ਇਕ ਨੂਰ ਜੋ ਬੁਲੰਦੀਆਂ ਤੇ ਡੂੰਘਿਆਈਆਂ ਵਿੱਚ ਦਿਖਾਈ ਦਿੰਦਾ ਹੈ ਭਾਵੇਂ ਉਹ ਆਤਮਾ ਵਿੱਚ ਹੈ । ਭਾਵੇਂ ਉਹ ਸ਼ਰੀਰ ਵਿੱਚ ਹੈ । ਭਾਵੇਂ ਵਿਅਕਤੀਗਤ ਹੈ ਭਾਵੇਂ ਲਿਖੱਤੀ, ਭਾਵੇਂ ਪ੍ਰਗਟ, ਭਾਵੇਂ ਗੁਪਤ, ਭਾਵੇਂ ਬੌਧਕ, ਭਾਵੇਂ ਖਾਰਜੀ ਹੈ । ਅਰਥਾਤ ਹਰ ਪ੍ਰਕਾਰ ਦਾ ਨੂਰ ਅਲੱਾਹ ਵੱਲੋਂ ਆਉਂਦਾ ਹੈ, ਅਲੱਾਹ ਤਆਲਾ ਹੀ ਨੂਰ ਹੈ । ਜੋ ਸ਼ਰੀਰਾਂ ਵਿੱਚ ਦਿਖਾਈ ਦਿੰਦਾ ਹੈ । ਇਹ ਇਸ ਗੱਲ ਵੱਲ ਸੰਕੇਤ ਹੈ ਕਿ ਸਾਰਿਆਂ ਜਹਾਨਾਂ ਦੇ ਰੱਬ ਦਾ ਫ਼ੈਜ਼ ਹਰ ਇਕ ਚੀਜ਼ ਉਪੱਰ ਫੈਲਿਆ ਹੋਇਆ ਹੈ ਅਤੇ ਕੋਈ ਉਸ ਦੇ ਫ਼ੈਜ਼ ਤੋਂ ਸਖੱਣਾ ਨਹੀਂ ।

ਫਿਰ ਫ਼ਰਮਾਇਆ ਕੁਰਆਨ ਕਰੀਮ ਵਿੱਚ ਸਾਡਾ ਖ਼ੁਦਾ ਆਪਣੀਆਂ ਖ਼ੂਬੀਆਂ ਬਾਰੇ ਫ਼ਰਮਾਉਂਦਾ ਹੈ ਕਿ ( قُلْ هُوَ اللّٰهُ اَحَدٌ اَللّٰهُ الصَّمَدُ لَمْ يَلِدْ ۙ وَلَمْ يُوْلَدْ وَلَمْ يَكُنْ لَّهٗ كُفُوًا اَحَدٌ ) ਕੁਲਹੁ ਵੱਲਾਹੁ ਅਹਦ ਅਲੱਾਹੁਸ ਸਮਦ ਲਮਯਾਲਿਦ ਵਲਮ ਯੂਲਦ ਵਲਮ ਯਕੁਨਲਹੁ ਕੁਫ਼ੁਵਨ ਅਹਦ । ਅਰਥਾਤ ਤੁਹਾਡਾ ਰੱਬ ਉਹ ਰੱਬ ਹੈ ਜੋ ਆਪਣੇ ਆਪ ਵਿੱਚ ਤੇ ਗੁਣਾ ਵਿੱਚ ਇਕਲੱਾ ਹੈ ਨ ਕੋਈ ਵਜੂਦ ਉਸਦੇ ਵਜੂਦ ਜਿਹਾ ਅਜ਼ਲ ਤੋਂ ਸਦੈਵੀ ਹੈ ਨ ਕਿਸੇ ਚੀਜ ਦੇ ਗੁਣ ਉਸਦੇ ਗੁਣਾ ਵਰਗੇ ਹਨ । ਮਨੁੱਖ ਦਾ ਗਿਆਨ ਕਿਸੇ ਅਧਿਆਪਕ ਦਾ ਮੁਥਾਜ ਹੈ ਅਤੇ ਸੀਮਤ ਹੈ, ਪਰ ਉਸਦਾ ਗਿਆਨ (ਅਰਥਾਤ ਰੱਬ ਦਾ ਗਿਆਨ) ਕਿਸੇ ਅਧਿਆਪਕ ਦਾ ਮੁਥਾਜ ਨਹੀਂ ਅਤੇ ਉਸਦਾ ਗਿਆਨ ਅਸੀਮਤ ਹੈ । ਮਨੁੱਖ ਦੀ ਸੁਨਣ ਸ਼ਕਤੀ ਹਵਾ ਦੀ ਮੁਥਾਜ ਹੈ ਅਤੇ ਸੀਮਤ ਹੈ, ਪਰ ਖ਼ੁਦਾ ਦੀ ਸੁਨਣ ਸ਼ਕਤੀ ਵਿਅਕਤੀਗਤ ਸ਼ਕਤੀ ਤੋਂ ਹੈ ਅਤੇ ਸੀਮਤ ਨਹੀਂ । ਮਨੁੱਖ ਦੀ ਬੀਨਾਈ ਸੂਰਜ ਦੀ ਜਾਂ ਕਿਸੇ ਰੋਸ਼ਨੀ ਦੀ ਮੁਥਾਜ ਹੈ ਤੇ ਫਿਰ ਸੀਮਤ ਹੈ, ਪਰ ਖ਼ੁਦਾ ਦੀ ਬੀਨਾਈ ਵਿਅਕਤੀਗਤ ਚਾਨ੍ਹਣੇ ਤੋਂ ਹੈ ਅਤੇ ਅਸੀਮਤ ਹੈ । ਅਜਿਹਾ ਹੀ ਮਨੁੱਖ ਦੀ ਪੈਦਾ ਕਰਨ ਦੀ ਸ਼ਕਤੀ ਕਿਸੇ ਕਿਸੇ ਮਾਦੇ ਦੀ ਮੁਥਾਜ ਹੈ, ਸਮੇਂ ਦੀ ਮੁਥਾਜ ਹੈ ਅਤੇ ਫਿਰ ਸੀਮਤ ਹੈ, ਪਰ ਖ਼ੁਦਾ ਦੀ ਪੈਦਾ ਕਰਨ ਦੀ ਕੁਦਰਤ ਨ ਕਿਸੇ ਮਾਦੇ ਦੀ ਮੁਥਾਜ ਹੈ ਨ ਕਿਸੇ ਸਮੇਂ ਦੀ ਮੁਥਾਜ ਹੈ ਅਤੇ ਅਸੀਮਤ ਹੈ ਕਿਉਂਕਿ ਉਸ ਦੇ ਸਾਰੇ ਗੁਣ ਅਦੁਤੀ ਹਨ ਅਤੇ ਜਿਵੇਂ ਕਿ ਉਸ ਦੀ ਕੋਈ ਉਧਾਰਨ ਨਹੀਂ ਉਸ ਦੇ ਗੁਣਾ ਦਾ ਵੀ ਕੋਈ ਸਾਨੀ ਨਹੀਂ । ਜੇਕਰ ਇਕ ਗੁਣ ਵਿੱਚ ਵੀ ਉਣਤਾਈ ਹੋਵੇ ਤਾਂ ਫਿਰ ਸਾਰਿਆਂ ਗੁਣਾ ਵਿੱਚ ਉਣਤਾਈ ਹੋਵੇਗੀ । ਇਸ ਲਈ ਉਸ ਦਾ ਇਕ ਈਸ਼ਵਰ ਵਾਦ ਸਿਥਰ

ਨਹੀਂ ਰਹਿ ਸਕਦਾ ਜੱਦ ਤੱਕ ਕਿ ਉਹ ਆਪਣੇ ਵਜੂਦ ਵਾਂਗ ਆਪਣਿਆਂ ਸਾਰਿਆਂ ਗੁਣਾ ਵਿੱਚ ਅਦੁਤੀ ਨ ਹੋਵੇ । ਇਸ ਤੋਂ ਅੱਗੇ ਆਪ ਜੀ ਫ਼ਰਮਾਉਂਦੇ ਹਨ ਕਿ ਇਸ ਤੋਂ ਅੱਗੇ ਉਪਰੋਕਤ ਆਇਤ ਦੇ ਇਹ ਅਰਥ ਹਨ ਕਿ ਖ਼ੁਦਾ ਨ ਕਿਸੇ ਦਾ ਪੁਤੱਰ ਹੈ ਅਤੇ ਨ ਕੋਈ ਉਸ ਦਾ ਪੁਤੱਰ ਹੈ । ਕਿਉਂਕਿ ਉਹ ਆਪਣੇ ਆਪ ਵਿੱਚ ਬੇਨਿਆਜ਼ (ਇਛੱਾ ਰਹਿਤ) ਹੈ ਉਸ ਨੂੰ ਨ ਪਿਤਾ ਦੀ ਲੋੜ ਹੈ ਨ ਪੁਤੱਰ ਦੀ । ਇਹ ਤੌਹੀਦ (ਇਕ ਈਸ਼ਵਰਵਾਦ) ਹੈ ਜੋ ਕੁਰਆਨ ਕਰੀਮ ਨੇ ਸਿਖਾਇਆ ਹੈ ਜੋ ਈਮਾਨ ਦਾ ਸਰੋਤ ਹੈ ।

ਫਿਰ ਰੱਬ ਦੇ ਇਕ ਹੋਣ ਦੀ ਬੋਧਕ ਦਲੀਲ ਦਿੰਦਿਆ ਹੋਇਆਂ ਆਪ ਕੁਰਆਨ ਕਰੀਮ ਦੇ ਸਿਧਾਂਤਾਂ ਵਿੱਚੋਂ ਪ੍ਰਮਾਣਤ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ, ਫਿਰ ਇਸ ਤੋਂ ਮਗਰੋਂ ਉਸ ਦੇ ਇਕ (ਵਹਦਾਹੂ ਲਾ ਸ਼ਰੀਕ) ਹੋਣ ਦੀ ਇਕ ਬੋਧਕ ਦਲੀਲ ਬਿਆਨ ਕੀਤੀ ਅਤੇ ਕਿਹਾ ( لوكان فيهما الهة الا الله لفسدتا) ਲੌ ਕਾਨਾ ਫ਼ੀਹਿਮਾ ਇਲਾਹਾਤਨ ਇਲਲੱਾਹੁ ਲਫ਼ਸਾਦਾਤਾ ਫ਼ਿਰ ਸੂਰਤ ਅੰਬਿਆ ਦੀ ਆਇਤ 23 ਹੈ । ਫਿਰ ਫ਼ਰਮਾਇਆ ( وما كان معه من الہ) 'ਵਮਾ ਕਾਨਾ ਮਾਆਹੂ ਮਿਨ ਇਲਾਹ' ਅਰਥਾਤ ਜੇਕਰ ਧਰਤੀ ਤੇ ਅਕਾਸ਼ ਵਿੱਚ ਉਸ ਤੋਂ ਬਿਨਾ ਇਕ ਹੋਰ ਵਜੂਦ ਸੰਪੂਰਨ ਗੁਣਾ ਸਹਿਤ ਕੋਈ ਹੋਰ ਖ਼ੁਦਾ ਹੁੰਦਾ ਤਾਂ ਦੋਵੇਂ ਵਿਗੜ ਜਾਂਦੇ । ਕਿਉਂਕਿ ਜ਼ਰੂਰੀ ਸੀ ਕਿ ਕਦੇ ਉਹ ਜਮਾਤ ਖ਼ੁਦਾਵਾਂ ਦੀ ਇਕ ਦੂਜੇ ਦੇ ਵਿਰੁਧ ਕਾਰਜ ਕਰਦੇ । ਸੋ, ਇਸੇ ਫੁੱਟ ਤੇ ਮਤਿਭੇਦ ਕਰਕੇ ਬ੍ਰਾਹਮੰਡ ਵਿੱਚ ਫ਼ਸਾਦ ਮੱਚ ਜਾਂਦਾ । ਭਾਵ ਜੇਕਰ ਵੱਖ ਵੱਖ ਰੱਬ ਹੁੰਦੇ ਤਾਂ ਉਹਨਾਂ ਵਿੱਚੋਂ ਹਰ ਕੋਈ ਆਪਣੀ ਆਪਣੀ ਮਖ਼ਲੂਕ ਦੀ ਭਲਾਈ ਚਾਹੁੰਦਾ ਅਤੇ ਉਹਨਾਂ ਦੇ ਅਮਨ ਲਈ ਦੂਜਿਆਂ ਨੂੰ ਨਸ਼ਟ ਕਰਦਾ । ਇਸ ਲਈ ਇਹ ਵੀ ਆਲਮ ਵਿੱਚ ਫ਼ਸਾਦ ਦਾ ਸਬਬ ਬਣਦਾ । ਇਸ ਲਈ ਇਹ ਪ੍ਰਸ਼ਨ ਹੀ ਨਹੀਂ ਬਣਦਾ ਕਿ ਇਕ ਤੋਂ ਵੱਧ ਰੱਬ ਹੋਣ ।

ਆਪ ਜੀ ਫ਼ਰਮਾਉਂਦੇ ਹਨ :

ਇਸਲਾਮ ਧਰਮ ਦੇ ਸਾਰੇ ਸਿਧਾਂਤਾਂ ਦਾ ਮੂਲ ਉਦੇਸ਼ ਇਹੋ ਹੈ ਕਿ ਉਹ ਸਚਾਈ ਜੋ ਇਸਲਾਮ ਸ਼ਬਦ ਵਿੱਚ ਲੁਪਤ ਹੈ ਉਸ ਤੱਕ ਪਹੁੰਚਾਇਆ ਜਾਵੇ । ਇਸੇ ਉਦੇਸ਼ ਅਨੁਸਾਰ ਕੁਰਆਨ ਸ਼ਰੀਫ਼ ਵਿੱਚ ਅਜਿਹੀਆਂ ਸਿੱਖਿਆਵਾਂ ਹਨ ਜੋ ਰੱਬ ਨੂੰ ਪਿਆਰਾ ਬਨਾਉਣ ਦਾ ਜਤਨ ਕਰ ਰਹੀਆਂ ਹਨ । ਕਿਤੇ ਉਸਦੀ ਸੁੰਦਰਤਾ ਤੇ ਸਰੂਪ ਨੂੰ ਦਿਖਾਉਂਦੀ ਹੈ ਕਿਤੇ ਉਸ ਦੇ ਉਪਕਾਰਾਂ ਦੀ ਯਾਦ ਕਰਾਉਂਦੀ ਹੈ । ਕਿਉਂਕਿ ਕਿਸੇ ਦਾ ਪ੍ਰੇਮ ਜਾਂ ਤਾਂ ਸੁੰਦਰਤਾਂ ਕਰਕੇ ਮਨ ਵਿੱਚ ਬਹਿੰਦਾ ਹੈ ਜਾਂ ਉਪਕਾਰਾਂ ਕਰਕੇ । ਇਸ ਕਰਕੇ ਲਿੱਖਿਆ ਹੈ ਕਿ ਰੱਬ ਆਪਣੇ ਸਾਰੇ ਗੁਣਾ ਕਰਕੇ ਇਕ ਓਂਕਾਰਿ ਹੈ ।ਕੋਈ ਵੀ ਉਣਤਾਈ ਉਸ ਵਿੱਚ ਨਹੀਂ ਹੈ । ਉਹ ਸੰਪੂਰਨ ਗੁਣਾ ਦਾ ਸਮੂਹ ਹੈ (ਅਰਥਾਤ ਕਾਮਲ ਤੌਰ'ਤੇ ਸਾਰੇ ਗੁਣ ਉਸ ਵਿੱਚ ਹਨ) । ਉਹ ਸਾਰੀਆਂ ਪਾਕ ਕੁਦਰਤਾਂ ਦਾ ਨੂਰ ਹੈ । ਉਹ ਸਾਰੀ ਮਖ਼ਲੂਕ ਦਾ ਸ੍ਰੋਤ ਹੈ ਅਤੇ ਸੋਮਾ ਹੈ ਹਰ ਫ਼ੈਜ਼ ਦਾ (ਸਾਰੇ ਫ਼ੈਜ਼ ਉਸੇ ਤੋਂ ਮਿਲਦੇ ਹਨ) । ਉਹ ਦੰਡ ਫਲੱ ਦਾ ਮਾਲਕ ਹੈ । ਉਹ ਸਾਰਿਆਂ ਕਾਰਜਾਂ ਦਾ ਟਿਕਾਣਾ ਹੈ । ਉਹ ਦੂਰ ਹੁੰਦਿਆਂ ਹੋਇਆਂ ਵੀ ਨੇੜੇ ਹੈ ਅਤੇ ਨੇੜੇ ਹੁੰਦਿਆਂ ਹੋਇਆਂ ਵੀ ਦੂਰ ਹੈ । ਉਹ ਸਭ ਤੋਂ ਉਪੱਰ ਹੈ ਪਰ ਨਹੀਂ ਆਖ ਸਕਦੇ ਕਿ ਉਸ ਤੋਂ ਹੇਠਾਂ ਕੋਈ ਹੋਰ ਵੀ ਹੈ । ਉਹ ਸਾਰੀਆਂ ਚੀਜਾਂ ਤੋਂ ਵੱਧ ਗੁਪੱਤ ਹੈ ਪਰ ਨਹੀਂ ਆਖ ਸਕਦੇ ਕਿ ਉਸ ਤੋਂ ਵੱਧ ਕੋਈ ਜ਼ਾਹਰ ਹੈ । ਉਹ ਜੀਉਂਦਾ ਹੈ ਆਪਣੇ ਵਿਅਕਤੀਤਵ ਨਾਲ ਅਤੇ ਹਰ ਇਕ ਚੀਜ ਉਸ ਨਾਲ ਜੀਉਂਦੀ ਹੈ । ('ਹੱਯੀ' ਦਾ ਅਰਥ ਇਹੋ ਹੈ ਕਿ ਜੀਉਂਦਾ ਵੀ ਹੈ ਅਤੇ ਜੀਉਂਦਾ ਰੱਖਣ ਵਾਲਾ ਵੀ ਹੈ ।) ਉਹ ਕਾਇਮ ਹੈ ਆਪਣੇ ਵਿਅਕਤੀਤਵ ਕਰਕੇ ਅਤੇ ਹਰ ਇਕ ਚੀਜ ਉਸ ਨਾਲ ਕਾਇਮ ਹੈ । ਉਸ ਨੇ ਹਰ ਇਕ ਚੀਜ ਨੂੰ ਸਾਂਭੀ ਰੱਖਿਆ ਹੈ ਅਤੇ ਕੋਈ ਚੀਜ ਨਹੀਂ ਜੋ ਉਸ ਨੇ ਨ ਸਾਂਭੀ ਹੋਵੇ (ਅਰਥਾਤ ਹਰ ਇਕ ਚੀਜ਼ ਰੱਬ ਦੇ ਵਜੂਦ'ਤੇ ਨਿਰਭਰ ਹੈ ) ਕੋਈ ਚੀਜ ਨਹੀਂ ਜੋ ਉਸ ਤੋਂ ਬਿਨਾਂ ਆਪਣੇ ਆਪ ਪੈਦਾ ਹੋ ਗਈ ਹੋਵੇ ਜਾਂ ਉਸ ਤੋਂ ਬਿਨਾਂ ਆਪੇ ਹੀ ਜੀਉਂਦੀ ਰਹਿ ਸਕਦੀ ਹੋਵੇ । ਉਹ ਹਰ ਇਕ ਚੀਜ ਉਪੱਰ ਬਿਆਪਤ ਹੈ ਪਰ ਇਹ ਨਹੀਂ ਆਖ ਸਕਦੇ ਕਿ ਇਹ ਬਿਆਪਤਾ ਕਿਹੋ ਜਿਹੀ ਹੈ । ਉਹ ਆਕਾਸ਼ ਤੇ ਧਰਤੀ ਦੀ ਹਰ ਇਕ ਚੀਜ਼ ਦਾ ਨੂਰ ਹੈ ਅਤੇ ਹਰ ਇਕ ਨੂਰ ਉਸੇ ਦੇ ਹੱਥੀਂ ਚਾਨ੍ਹਣ ਹੋਇਆ ਹੈ ਅਤੇ ਉਸੇ ਦੀ ਵਿਅਕਤੀਤਵ ਦਾ ਪ੍ਰਤੀਬਿੰਬ ਹੈ । ਉਹ ਸਾਰਿਆਂ ਜਹਾਨਾਂ ਦਾ ਪਾਲਣਹਾਰ ਹੈ, ਕੋਈ ਆਤਮਾ ਨਹੀਂ ਜੋ ਉਸ ਤੋਂ ਪਾਲਣਾ ਨ

ਪਾਉਂਦੀ ਹੋਵੇ ਅਤੇ ਆਪਣੇ ਆਪ ਹੋਵੇ । ਕਿਸੇ ਰੂਹ ਦੀ ਕੋਈ ਸ਼ਕਤੀ ਨਹੀਂ ਜੋ ਉਸ ਨੂੰ ਉਸਤੋਂ ਨ ਮਿਲੀ ਹੋਵੇ ਅਤੇ ਆਪਣੇ ਆਪ ਹੋਵੇ । ਉਸ ਦੀਆਂ ਰਹਿਮਤਾਂ ਦੋ ਪ੍ਰਕਾਰ ਦੀਆਂ ਹਨ । ਇਕ ਉਹ ਜੋ ਕਿਸੇ ਕਰਮੀ ਦੇ ਕਰਮਾ ਵਿੱਚ ਸਬਕਤ (ਅਗਾਂਹ ਵੱਧਣ ਦੀ ਕ੍ਰਿਆ) ਤੋਂ ਬਿਨਾਂ ਅਰੰਭ ਤੋਂ ਪ੍ਰਗਟ ਹਨ ਜਿਵੇਂ ਧਰਤੀ ਤੇ ਆਕਾਸ਼, ਸੂਰਜ, ਚੰਨ੍ਹ, ਤਾਰੇ, ਪਾਣੀ, ਅੱਗ, ਹਵਾ ਅਤੇ ਸਾਰੇ ਕਣ ਕਣ ਜੋ ਇਸ ਜਹਾਨ ਵਿੱਚ ਸਾਡੇ ਆਰਾਮ ਲਈ ਬਣਾਏ ਗਏ ਹਨ । ਇਸੇ ਪ੍ਰਕਾਰ ਜਿੰਨ੍ਹਾਂ ਜਿੰਨ੍ਹਾਂ ਚੀਜਾਂ ਦੀ ਸਾਨੂੰ ਲੋੜ ਸੀ, ਉਹ ਸਾਰੀਆਂ ਚੀਜਾਂ ਸਾਡੇ ਜਨਮ ਤੋਂ ਪਹਿਲਾਂ ਹੀ ਸਾਡੇ ਲਈ ਤਿਆਰ ਕੀਤੀਆਂ ਗਈਆਂ ਅਤੇ ਇਹ ਸਭ ਕੁਝ ਉਸ ਸਮੇਂ ਕੀਤਾ ਗਿਆ ਜੱਦ ਅਸੀਂ ਮੌਜੂਦ ਨਹੀਂ ਸੀ, ਨ ਹੀ ਇਸ ਵਿੱਚ ਸਾਡਾ ਕੋਈ ਕਰਮ ਸੀ । ਕੌਣ ਆਖ ਸਕਦਾ ਹੈ ਕਿ ਸੂਰਜ ਮੇਰੇ ਕਰਮਾ ਕਰਕੇ ਪੈਦਾ ਕੀਤਾ ਗਿਆ ਜਾਂ ਧਰਤੀ ਮੇਰੇ ਕਿਸੇ ਸ਼ੁੱਧ ਕਰਮ ਕਰਕੇ ਬਣਾਈ ਗਈ । ਭਾਵ ਇਹ ਉਹ ਰਹਿਮਤ ਹੈ ਜੋ ਮਨੁੱਖ ਅਤੇ ਉਸ ਦੇ ਕਰਮਾਂ ਤੋਂ ਪਹਿਲਾਂ ਪ੍ਰਗਟ ਹੋ ਚੁਕੇ ਸਨ ਕਿਸੇ ਦੇ ਕਰਮਾ ਦਾ ਸਿੱਟਾ ਨਹੀਂ । ਦੂਜੀ ਰਹਿਮਤ ਉਹ ਹੈ ਜੋ ਕਰਮਾ ਉਪੱਰ ਅਧਾਰਤ ਹੁੰਦੀ ਹੈ (ਅਰਥਾਤ ਜੱਦ ਨੇਕ ਕਰਮ ਕਰੋਗੇ ਫਿਰ ਰੱਬ ਉਹਨਾ ਦਾ ਫੱਲ ਦਿੰਦਾ ਹੈ )

ਫਿਰ ਆਪ ਨੇ ਇਹ ਦੱਸਿਆ ਕਿ ਹੁਣ ਇਸ ਯੁੱਗ ਵਿੱਚ ਰੱਬ ਤੱਕ ਪਹੁੰਚਣ ਲਈ ਇਕ ਹੀ ਮਾਰਗ ਹੈ ਅਤੇ ਉਹ ਮਾਰਗ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਵੁਜੂਦ ਹੈ । ਆਪ ਫ਼ਰਮਾਉਂਦੇ ਹਨ :

ਉਸ ਕਾਦਰ, ਸੱਚੇ ਤੇ ਕਾਮਲ ਖ਼ੁਦਾ ਨੂੰ ਸਾਡੀ ਆਤਮਾ ਤੇ ਸਾਡਾ ਪੋਰਾ ਪੋਰਾ ਸਜੱਦਾ ਕਰਦਾ ਹੈ ਜਿਸ ਦੇ ਹੱਥਾਂ ਰਾਹੀਂ ਹਰ ਇਕ ਆਤਮਾ ਅਤੇ ਹਰ ਇਕ ਮਖ਼ਲੂਕ ਦਾ ਕਣ ਕਣ ਆਪਣੀਆਂ ਸਾਰੀਆਂ ਸਕਤੀਆਂ ਸਣੇ ਪ੍ਰਕਟ ਹੋਇਆ ਅਤੇ ਜਿਸ ਦੇ ਵੁਜੂਦ ਕਰਕੇ ਹਰ ਇਕ ਸ਼ੈਅ ਕਾਇਮ ਹੈ ਅਤੇ ਕੋਈ ਚੀਜ਼ ਉਸ ਦੇ ਗਿਆਨ ਤੇ ਅਧਿਕਾਰ ਤੋਂ ਬਾਹਰ ਨਹੀਂ ਅਤੇ ਨ ਹੀ ਉਸ ਮਖ਼ਲੂਕ ਤੋਂ ਬਾਹਰ ਹੈ । ਜਿਸ ਰਾਹੀਂ ਅਸੀਂ ਉਹ ਜੀਉਂਦਾ ਖ਼ੁਦਾ ਪਾਇਆ ਉਸ ਪਾਕ ਨਬੀ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਉਪੱਰ ਹਜ਼ਾਰਾਂ ਹੀ ਦੁਰੂਦ, ਸਲਾਮਤੀਆਂ, ਰਹਿਮਤਾਂ ਤੇ ਬਰਕਤਾਂ ਹੋਣ । ਉਹ ਖ਼ੁਦਾ ਜੋ ਆਪ ਕਲਾਮ ਕਰਕੇ ਆਪਣੀ ਹਸਤੀ ਦੇ ਨਿਸ਼ਾਨ ਸਾਨੂੰ ਦਿੰਦਾ ਹੈ ਅਤੇ ਆਪ ਆਪਣੀ ਮਰਿਯਾਦਾ ਦੇ ਚਮਤਕਾਰ ਦਿਖਾ ਕੇ ਆਪਣੇ ਆਦਿ ਤੋਂ ਕਾਮਲ ਸ਼ਕਤੀਆਂ ਤੇ ਬਲ ਦਾ ਚਮਕਦਾ ਚਿਹਰਾ ਦਿਖਾਉਂਦਾ ਹੈ । ਸੋ, ਅਸੀਂ ਅਜਿਹੇ ਰਸੂਲ ਨੂੰ ਪਾਇਆ ਜਿਸ ਨੇ ਖ਼ੁਦਾ ਨੂੰ ਸਾਨੂੰ ਦਿਖਾ ਦਿੱਤਾ ਅਤੇ ਅਜਿਹੇ ਖ਼ੁਦਾ ਨੂੰ ਪਾਇਆ ਜਿਸ ਨੇ ਆਪਣੀ ਪੂਰਨ ਸ਼ਕਤੀ ਨਾਲ ਹਰ ਇਕ ਚੀਜ਼ ਨੂੰ ਬਣਾਇਆ । ਉਸ ਦੀ ਕੁਦਰਤ ਕਿੰਨ੍ਹੀ ਵੱਡਿਆਈ ਆਪਣੇ ਅੰਦਰ ਰੱਖਦੀ ਹੈ ਜਿਸ ਤੋਂ ਬਿਨਾ ਕਿਸੇ ਚੀਜ ਦੀ ਬਣਤਰ (ਨਕਸ਼) ਵੁਜੂਦ ਵਿੱਚ ਨਹੀਂ ਆਇਆ ਅਤੇ ਜਿਸ ਦੇ ਸਹਾਰੇ ਤੋਂ ਬਿਨਾ ਕੋਈ ਚੀਜ਼ ਕਾਇਮ ਨਹੀਂ ਰਹਿ ਸਕਦੀ । ਉਹ ਸਾਡਾ ਸਚੱਾ ਖ਼ੁਦਾ ਅਤਿਅੰਤ ਬਰਕਤਾਂ ਵਾਲਾ ਹੈ, ਅਤਿਅੰਤ ਕੁਦਰਤਾਂ ਵਾਲਾ, ਅਤਿਅੰਤ ਹੁਸਨ ਵਾਲਾ ਅਤੇ ਅਤਿਅੰਤ ਉਪਕਾਰਾਂ ਵਾਲਾ ਹੈ ਉਸ ਤੋਂ ਬਿਨਾ ਹੋਰ ਕੋਈ ਖ਼ੁਦਾ ਨਹੀਂ ।

ਫਿਰ ਅਜਿਹੇ ਲੋਕਾਂ ਬਾਰੇ ਜੋ ਖ਼ੁਦਾ ਨੂੰ ਨਹੀਂ ਮਨ੍ਹਦੇ, ਆਪ ਫ਼ਰਮਾਉਂਦੇ ਹਨ, ਕਿ ਰੱਬ ਦਾ ਵੁਜੂਦ ਗ਼ੈਬੁਲਗ਼ੈਬ ਤੇ ਗੁਪਤ ਤੋਂ ਗੁਪਤ ਅਤੇ ਅਤਿਅੰਤ ਛੁਪਿਆ ਹੋਇਆ ਹੈ ਜਿਸ ਨੂੰ ਮਾਨਵੀ ਅਕਲ ਕੇਵਲ ਆਪਣੀ ਸ਼ਕਤੀ ਨਾਲ ਦਰਿਯਾਫ਼ਤ ਨਹੀਂ ਕਰ ਸਕਦੀ (ਉਹ ਛੁਪੀ ਹੋਈ ਹਸਤੀ ਹੈ ਉਸਨੂੰ ਕੇਵਲ ਬੋਧ ਨਾਲ ਸੁਰੱਖਿਅਤ ਨਹੀਂ ਕੀਤਾ ਜਾ ਸਕਦਾ) ਨਾਸਤਿਕ ਲੋਕ ਕਹਿੰਦੇ ਹਨ ਕਿ ਜੀ ਅਸੀਂ ਅਕਲ ਨਾਲ ਰੱਬ ਨੂੰ ਕਿਵੇਂ ਸਮਝੀਏ ਜਾਂ ਕੇਵਲ ਅਕਲ ਨਾਲ ਹੀ ਸਮਝਿਆ ਜਾ ਸਕਦਾ ਹੈ, ਫ਼ਰਮਾਇਆ ਕਿ ਕੇਵਲ ਆਪਣੀ ਸ਼ਕਤੀ ਨਾਲ ਜਾਣਿਆਂ ਨਹੀਂ ਜਾ ਸਕਦਾ ਮਨੁੱਖੀ ਅਕਲ ਕੇਵਲ ਆਪਣੀ ਤਾਕਤ ਨਾਲ ਨਹੀਂ ਜਾਣ ਸਕਦੀ । ਕੋਈ ਅਕਲੀ ਦਲੀਲ ਉਸਦੇ ਵੁਜੂਦ ਲਈ ਪੱਕੀ ਦਲੀਲ ਨਹੀਂ ਹੋ ਸਕਦੀ ਕਿਉਂਕਿ ਅਕਲ ਦੀ ਦੌੜ ਅਤੇ ਪਹੁੰਚ ਕੇਵਲ ਇਸ ਹੱਦ ਤੱਕ ਹੈ ਕਿ ਇਸ ਲੋਕ ਦੇ ਕਾਰਜਾਂ ਉਪੱਰ ਦ੍ਰਿਸ਼ਟੀ ਮਾਰਕੇ ਬਨਾਉਣ ਵਾਲੇ ਦੀ ਲੋੜ ਅਨੁਭਵ ਕਰੇ । (ਬੁੱਧੀ ਵੱਧ ਤੋਂ ਵੱਧ ਇੱਥੋਂ ਤੱਕ ਪਹੁੰਚ ਸਕਦੀ ਹੈ ਕਿ ਕਿਸੇ ਚੀਜ ਨੂੰ ਦੇਖ ਕੇ ਦੱਸੇ ਕਿ ਇਸ ਨੂੰ ਕਿਸ ਨੇ ਦੱਸਿਆ ਹੈ) ਪਰ ਲੋੜ ਦਾ ਅਨੁਭਵ ਕਰਨਾ ਹੋਰ ਗੱਲ ਹੈ ਅਤੇ ਉਸ ਦਰਜੇ ਦੇ ਅੱਖੀਂ ਡਿੱਠੇ ਵਿਸ਼ਵਾਸ ਤੱਕ ਪਹੁੰਚਣਾ, ਜਿਸ ਰੱਬ ਦੀ ਲੋੜ ਅਨੁਭਵ ਕੀਤੀ ਗਈ ਹੈ ਉਹ ਵਾਸਤਵ ਵਿੱਚ ਮੌਜੂਦ ਵੀ ਹੈ, ਇਹ ਹੋਰ ਗੱਲ ਹੈ । (ਇਕ ਰੱਬ ਦੀ ਲੋੜ ਹੈ ਉਹ ਮੌਜੂਦ ਵੀ ਹੈ ਕਿ ਨਹੀਂ

ਇਹ ਬਿਲਕੁਲ ਹੋਰ ਗੱਲ ਹੈ) । ਕਿਉਂਕਿ ਅਕਲ ਦਾ ਢੰਗ ਨਾਕਸ (ਅਧੂਰਾ), ਅਪੂਰਨ ਅਤੇ ਸੰਦੇਹ ਭਰਿਆ ਹੈ । ਇਸ ਲਈ ਇਕ ਫ਼ਲਸਫ਼ੀ ਕੇਵਲ ਅਕਲ ਰਾਹੀਂ ਰੱਬ ਨੂੰ ਸ਼ਨਾਖ਼ਤ ਨਹੀਂ ਕਰ ਸਕਦਾ ਸਗੋਂ ਅਧਿਕਤਰ ਅਜਿਹੇ ਲੋਕ ਜੋ ਕੇਵਲ ਅਕਲ ਰਾਹੀਂ ਰੱਬ ਦਾ ਪਤਾ ਲਾਉਂਣਾ ਚਾਹੁੰਦੇ ਹਨ ਅੰਤ ਨੂੰ ਨਾਸਤਿਕ ਬਣ ਜਾਂਦੇ ਹਨ ।

ਫਿਰ ਰੱਬ ਦੇ ਵਜੂਦ ਉਪੱਰ ਵਿਸ਼ਵਾਸ ਕਰਾਉਂਣ ਲਈ ਅਜਿਹਾ ਵਿਸ਼ਵਾਸ ਜੋ ਹਰ ਮਾਮਲੇ ਵਿੱਚ ਮਨੁੱਖ ਦਾ ਧਿਆਨ ਕੇਵਲ ਅਤੇ ਕੇਵਲ ਰੱਬ ਵਿੱਚ ਰੱਖੇ, ਆਪ ਜੀ ਫ਼ਰਮਾਉਂਦੇ ਹਨ, ਸਾਡੇ ਖ਼ੁਦਾ ਵਿੱਚ ਅਤਿਅੰਤ ਅਸ਼ਚਰਜ ਹਨ ਪਰ ਉਹੋ ਦੇਖਦੇ ਹਨ ਜੋ ਸਚੱਾਈ ਤੇ ਵਫ਼ਾਦਾਰੀ ਨਾਲ ਉਸ ਦੇ ਹੋ ਗਏ ਹਨ । ਉਹ ਗ਼ੈਰਾਂ ਨੂੰ ਜੋ ਉਸ ਦੀ ਸਮਰਥਾ ਉਪੱਰ ਵਿਸ਼ਵਾਸ ਨਹੀਂ ਰੱਖਦੇ ਅਤੇ ਉਸ ਪ੍ਰਤੀ ਸਾਦਕ ਤੇ ਵਫ਼ਾਦਾਰ ਨਹੀਂ ਹੈ ਉਹ ਆਪਣੇ ਆਸ਼ਚਰਜ ਪ੍ਰਕਟ ਨਹੀਂ ਕਰਦਾ । ਕਿੰਨ੍ਹਾ ਹੀ ਬੇਨਸੀਬਾ ਹੈ ਉਹ ਮਨੁੱਖ ਜਿਸ ਨੂੰ ਹੁਣ ਤੱਕ ਇਹ ਨਹੀਂ ਪਤਾ ਕਿ ਉਸ ਦਾ ਇਕ ਖ਼ੁਦਾ ਹੈ ਜੋ ਹਰ ਇਕ ਚੀਜ ਉਪੱਰ ਕਾਦਰ ਹੈ । ਸਾਡਾ ਸਵਰਗ ਸਾਡਾ ਖ਼ੁਦਾ ਹੈ, ਸਾਡੇ ਸਾਰੇ ਉਚੱਤਮ ਆਨੰਦ ਸਾਡੇ ਰੱਬ ਵਿੱਚ ਹਨ ਕਿਉਂਕਿ ਅਸੀਂ ਉਸਨੂੰ ਦੇਖਿਆ ਅਤੇ ਹਰ ਇਕ ਸੁੰਦਰਤਾ ਉਸ ਵਿੱਚ ਵਿਦਮਾਨ ਵੇਖੀ । ਇਹ ਦੌਲਤ ਲੈਣ ਯੋਗ ਹੈ ਜੇਕਰ ਜਾਨ ਦੇਣ ਨਾਲ ਮਿਲੇ ਅਤੇ ਇਹ ਲਾਲ ਮੁੱਲ ਲੈਣ ਯੋਗ ਹੈ ਜੇਕਰ ਸਾਰਾ ਵਜੂਦ ਗਵਾ ਦੇਣ ਨਾਲ ਹਾਸਲ ਹੋਵੇ । ਹੇ, ਮਹਿਰੂਮੋ (ਵਾਂਜਿਓ) !! ਇਸ ਸੋਮੇ ਵੱਲ ਦੌੜੋ ਕਿ ਉਹ ਤੁਹਾਨੂੰ ਰਜਾ ਦੇਵੇਗਾ, ਇਹ ਜੀਵਨ ਦਾ ਸੋਮਾ ਹੈ ਇਹ ਤੁਹਾਨੂੰ ਬਚਾਏਗਾ । ਮੈਂ ਕੀ ਕਰਾਂ ਅਤੇ ਕਿਵੇਂ ਇਸ ਖ਼ੁਸ਼ਖ਼ਬਰੀ ਨੂੰ ਮਨਾਂ ਵਿੱਚ ਬਿਠਾ ਦਿਆਂ । ਕਿਹੜੀ ਡਫ਼ਲੀ ਨਾਲ ਮੈਂ ਬਾਜ਼ਾਰਾਂ ਵਿੱਚ ਘੋਸ਼ਣਾ ਕਰਾਂ ਕਿ ਤੁਹਾਡਾ ਇਹ ਰੱਬ ਹੈ, ਤਾਂ ਜੋ ਲੋਕ ਸੁਣ ਲੈਣ ਅਤੇ ਕਿਸ ਔਸ਼ਧ ਨਾਲ ਇਲਾਜ ਕਰਾਂ ਤਾਂ ਸੁਨਣ ਲਈ ਲੋਕਾਂ ਦੇ ਕੰਨ੍ਹ ਖੁੱਲ ਜਾਣ ।

ਅਲੱਾਹ ਤਆਲਾ ਸਾਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਅਸੀਂ ਉਸ ਜੀਉਂਦੇ ਖ਼ੁਦਾ ਦਾ ਸੰਦੇਸ਼ ਇਸ ਯੁੱਗ ਦੇ ਇਮਾਮ ਅਤੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਦੇ ਸੱਚੇ ਆਸ਼ਕ ਦੀ ਪੈਰ੍ਹਵੀ ਹੇਠ ਦੁਨੀਆ ਨੂੰ ਪਹਓਚਾਉਂਣ ਵਾਲੇ ਹੋਈਏ ਅਤੇ ਦੁਨੀਆ ਨੂੰ ਇਹ ਅਨੁਭਵ ਕਰਾਉਂਣ ਵਾਲੇ ਹੋਈਏ ਕਿ ਜੀਉਂਦਾ ਖ਼ੁਦਾ ਮੌਜੂਦ ਹੈ । ਹੁਣ ਵੀ ਸੁਣਦਾ ਹੈ, ਨਿਸ਼ਾਨ ਵੀ ਦਿਖਾਉਂਦਾ ਹੈ । ਉਸੇ ਵੱਲ ਪਰਤੋ । ਉਸੇ ਵੱਲ ਆਓ ਅਤੇ ਅਸੀਂ ਆਪ ਵੀ ਉਸ ਨਾਲ ਜੀਉਂਦਾ ਸੰਬੰਧ ਰੱਖਣ ਵਾਲੇ ਹੋਈਏ ਅਤੇ ਉਸ ਦੀ ਸਿੱਖਿਆ ਉਪੱਰ ਅਮਲ ਕਰਨ ਵਾਲੇ ਹੋਈਏ । ਉਸ ਦੀ ਬੰਦਗੀ ਦਾ ਹੱਕ ਪੂਰਾ ਕਰਨ ਵਾਲੇ ਹੋਈਏ । ਉਸ ਦੇ ਗੁਣਾ ਦਾ ਉਚਿਤ ਬੋਧ ਪ੍ਰਾਪਤ ਕਰਨ ਵਾਲੇ ਹੋਈਏ । ਉਸ ਦੇ ਉਪਕਾਰਾਂ ਦੇ ਵਾਰਸ ਹੋਈਏ । ਸਾਡੀਆਂ ਪੀੜ੍ਹੀਆਂ ਵੀ, ਅਸੀਂ ਵੀ ਸਦੈਵ ਰੱਬ ਦੇ ਸ਼ਿਰਕ ਤੋਂ ਹਰ ਪ੍ਰਕਾਰ ਸੁਰੱਖਿਅਤ ਰਹੀਏ । ਅਮੀਨ ।

★★★★ ਖ਼ੁਤਬਾ ਸਾਨੀਆ ★★★★★